Received: Mar '22
Revised:
Accepted: Apr '22

© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਵਰਤਮਾਨ ਪਰਿਪੇਖ ਵਿਚ ਗਿਆਨ ਦੀ ਸਾਰਥਕਤਾ

## (ਭਗਤ ਰਵਿਦਾਸ ਜੀ ਦੇ ਸੰਦਰਭ ਵਿਚ)

## THE SIGNIFICANCE OF KNOWLEDGE IN THE PRESENT PERSPECTIVE (IN THE CONTEXT OF BHAGAT RAVIDAS JI)

**Dr. Sukhveer Kaur**
Lecturer, Government Senior Secondary School, Manuka (Rajasthan)
E-mail: sonisukhveer@gmail.com

***ABSTRACT***

*ਸਮਾਜ ਦੀ ਭਗਤੀ ਵਾਲੀ ਲਹਿਰ ਵਿਚ ਭਗਤ ਰਵਿਦਾਸ ਜੀ ਦਾ ਜਨਮ ਹੋਇਆ, ਜਿਨ੍ਹਾਂ ਨੇ ਰਾਮ ਭਗਤੀ ਨੂੰ ਨਵੇਂ ਅਰਥ ਦਿੱਤੇ। ਜਿਸ ਵਿਚ ਸਮਾਜ ਨੂੰ ਵੇਦਾਂ-ਸ਼ਾਸਤਰਾਂ ਅਤੇ ਕਰਮ-ਕਾਡਾਂ ਤੋਂ ਰਹਿਤ *ਹਰੀ* ਨਾਲ ਮਨ ਜੋੜਣ ਦੀ ਪ੍ਰੇਰਣਾ ਦਿੱਤੀ। ਭਾਰਤ ਦੇ ਇਤਿਹਾਸ ਵਿਚ ਭਗਤੀ ਕਾਲ ਦੇ ਸੰਤਾਂ ਅਤੇ ਭਗਤਾਂ ਨੇ ਆਪਣੀ ਬਾਣੀ (ਰਚਨਾਵਾਂ) ਰਾਹੀਂ ਸਮਾਜ ਨੂੰ ਸੁਧਾਰਨ ਦੇ ਨਾਲ 'ਸਾਦਾ ਜੀਵਨ-ਉੱਚ ਵਿਚਾਰ' ਜਿਹੀ ਭਾਵਨਾ ਨੂੰ ਅਪਣਾ ਕੇ ਸਮਾਜ ਸਾਹਮਣੇ ਨਵੀਂ ਮਿਸਾਲ ਪੇਸ਼ ਕੀਤੀ। ਰਵਿਦਾਸ ਜੀ ਅਜਿਹੇ ਭਗਤਾਂ ਵਿਚੋਂ ਇਕ ਸਨ। ਉਨ੍ਹਾਂ ਨੇ ਆਪਸੀ ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਉਸ ਸਮੇਂ ਸਮਾਜ ਵਿਚ ਪ੍ਰਚਲਤ ਬੁਰਾਈਆਂ, ਉਚ-ਨੀਚ, ਛੂਤ-ਛਾਤ, ਪਾਖੰਡ ਅਤੇ ਅਸਮਾਨਤਾ ਦਾ ਪੁਰਜ਼ੋਰ ਖੰਡਨ ਕੀਤਾ। ਉਸ ਸਮੇਂ ਦੀ ਜਾਤ-ਪਾਤ ਦੀ ਸਖ਼ਤੀ ਕਾਰਨ ਉਹ ਸੰਸਕ੍ਰਿਤ ਦੀ ਸਿੱਖਿਆ ਤੋਂ ਵਾਂਝੇ ਰਹਿ ਗਏ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਥਾਵਾਂ ਦੀ ਯਾਤਰਾ ਕਰਕੇ ਲੋਕਾਂ ਨੂੰ ਆਪਣੀ ਬਾਣੀ (ਰਚਨਾਵਾਂ) ਰਾਹੀਂ ਅਧਿਆਤਮਿਕ ਸੰਦੇਸ਼ ਦਿੱਤਾ।*

*Bhagat Ravidas Ji was born in the devotional movement of the society, who gave new meaning to Ram Bhagti. In which the society was inspired to unite with "Hari" without Vedas, Shastras and Karam Kands. In the history of India, the saints and devotees of the devotional period, through their Bani (compositions), set a new precedent for the society by adopting the spirit of 'Simple Life, High Thought'. Ravidas Ji was one of such devotees. He strongly condemned the evils prevalent in the society at that time, high and low, untouchability, hypocrisy and inequality while conveying the message of mutual communion. Due to the strictness of caste at that time, they were deprived of Sanskrit education. he traveled to different parts of India and conveyed the spiritual message to the people through his Bani (compositions).*

**ਕੀਵਰਡ:-** ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ ਜੀ, ਗਿਆਨ, ਪ੍ਰਮਾਤਮਾ ਦੀ ਜੋਤ, ਮਨੁੱਖੀ ਜੀਵਨ

**Keywords:-** Bhagat Ravidas, Guru Granth Sahib Ji, Knowledge, Light of God, Human Life.

### ਖੋਜ ਪੱਤਰ

ਜਦੋਂ ਮਨੁੱਖੀ ਜੀਵਨ ਇਤਿਹਾਸਕ ਪੱਧਰ 'ਤੇ ਉਕੇਰਿਆ ਗਿਆ ਸੀ, ਉਸ ਸਮੇਂ ਮਨੁੱਖ ਸਮਾਜ ਵਿਚ ਆਪਣੀਆਂ ਲੋੜਾਂ ਵਿਚ ਘਿਰਿਆ ਹੋਇਆ ਸੀ। ਹੋਲੀ-ਹੋਲੀ ਕਿੱਤੇ ਵੰਡੇ ਗਏ, ਜੋ ਸਮੇਂ ਅਨੁਸਾਰ ਢਲਦੇ ਹੋਏ ਪੈਦਾਇਿFਸ਼ੀ ਪ੍ਰਣਾਲੀ ਨਾਲ ਜੁੜ ਗਏ। ਜਿਸ ਨਾਲ ਸਮਾਜ ਵਿਚ ਜਾਤ-ਪਾਤ ਨੇ ਜਨਮ ਲਿਆ ਤੇ ਫਿਰ ਸਮਾਜ ਨੇ ਰੋਟੀ ਤੋਂ ਵੱਧ ਦਰਜਾ ਜਾਤ-ਪਾਤ ਵਿਵਸਥਾ ਨੂੰ ਦੇਣਾ ਸ਼ੁਰੂ ਕਰ ਦਿਤਾ। ਉੱਤਮ ਤੇ ਮਲੀਨ ਜਾਤਾਂ ਵਿਚ ਵੰਡਿਆ ਸਮਾਜ ਦਲਿਤ ਜਾਤੀਆਂ ਨੂੰ ਵੇਦ ਪੜ੍ਹਣ ਤੇ ਮੰਦਰਾਂ ਵਿਚ ਜਾਣ ਤੋਂ ਰੋਕ ਲਾਉਣ ਵਰਗੇ ਕਈ ਨਵੀਂਆਂ ਕਿਸਮਾਂ ਦੇ ਨਿਯਮ ਬਨਾਉਣ ਲਗਾ। ਕੁਝ ਖ਼ਾਸ ਵਰਗ ਦੇ ਲੋਕਾਂ ਨੇ ਤਾਂ ਧਰਮ ਅਤੇ ਗਿਆਨ ਨੂੰ ਨਿਜ਼ੀ ਪੂੰਜੀ ਸਮਝਿਆ ਅਤੇ ਵਿਤਕਰਿਆਂ ਨੂੰ ਹੋਰ ਹਵਾ ਦੇ ਦਿੱਤੀ। ਕਿਹਾ ਜਾਂਦਾ ਹੈ ਕਿ ਗਿਆਨ ਜੇਕਰ ਇਕ ਪਖੋਂ ਸੂਝਵਾਨ ਹੋਣ ਦਾ ਚਿੰਨ੍ਹ ਹੈ ਤਾਂ ਦੂਜੇ ਪਖੋਂ ਹਉਮੈ ਦਾ ਇੱਕ ਸਾਧਨ ਵੀ ਹੈ। ਆਧੁਨਿਕ ਵਾਤਾਵਰਨ ਵੀ ਮਨੁੱਖ ਨੂੰ ਗਿਆਨ ਆਪਣੇ ਅੰਦਰ ਭਰਨ ਲਈ ਹਲੂਣਦਾ ਹੈ, ਜੋ ਅਜੋਕੇ ਸਮਂੇ ਵਿਚ ਜਰੂਰੀ ਵੀ ਹੈ। ਪਰ ਇਤਿਹਾਸਕ ਕਾਲ ਵਿਚ ਇਸ ਗਿਆਨ ਦੇ ਹਉਮੈ ਨੇ ਹੀ ਮਨੱੁਖ ਨੂੰ ਉਸਦੇ ਕੁਦਰਤੀ$ਮੂਲ ਗੁਣਾਂ ਤੋਂ ਓਲ੍ਹੇ ਕਰ ਦਿੱਤਾ ਅਤੇ ਨੈਤਿਕ ਮੁੱਲ ਦੀ ਜਰੂਰਤ ਨੂੰ ਭੁਲਾ ਦਿੱਤਾ। ਫਿਰ ਇਸ ਤਰ੍ਹਾਂ ਦਾ ਸਮਾਜ ਮੁੱਖ ਦਰਜੇ ਦਾ ਬਣਦਾ ਗਿਆ ਅਤੇ ਕੁਝ ਬਦਲਦੇ ਹਲਾਤਾਂ ਨਾਲ ਇਸ ਅਵਸਥਾ ਨੇ ਸਮਾਜ 'ਤੇ ਪੱਕੀ ਪਕੜ ਬਣਾ ਲਈ।

ਅਜਿਹੀ ਅਵਸਥਾ ਵਿਚ ਬਦਲਾਅ ਦੀ ਆਵਾਜ ਦੱਖਣ ਖ਼ੇਤਰ ਤੋਂ ਰਾਮਾਨੁਜ਼ ਵੱਲੋਂ ਸ਼ੁਰੂ ਹੋਈ, ਜਿਸ ਨੂੰ ਸਮੇਂ ਤੇ ਸਥਾਨ ਦੇ ਵੱਖ-ਵੱਖ ਮਹਾਂਪੁਰਸ਼ਾਂ, ਸੰਤਾਂ ਅਤੇ ਗੁਰੂ ਪੀਰਾਂ ਨੇ ਹੁਲਾਰਾ ਦਿੱਤਾ। ਭਗਤੀ ਕਾਲ ਦੀ ਅਜਿਹੀ ਲਹਿਰ ਵਿਚ ਵੇਦਾਂ ਦੇ ਗਿਆਨ ਨੂੰ ਛੱਡ ਕੇ ਸ਼ਰਧਾ ਅਤੇ ਬੰਧਨ ਰਹਿਤ ਵਿਚਾਰਾਂ ਨੂੰ ਸਥਾਪਤ ਕੀਤਾ ਜਾਣ ਲੱਗਿਆ। ਭਗਤੀ ਦਾ ਇਹ ਯੁਗ ਬਹੁਦੇਵਵਾਦ ਦਾ ਯੁਗ ਬਣਿਆ ਅਤੇ ਸਾਰੇ ਦੇਵਤਿਆਂ ਤੋਂ ਉੱਪਰ ਇਕ ਪਰਮਾਤਮਾ ਦੀ ਹੋਂਦ ਨੂੰ ਵੀ ਸਵੀਕਾਰ ਕੀਤਾ ਗਿਆ।

ਸਮਾਜ ਦੀ ਭਗਤੀ ਵਾਲੀ ਲਹਿਰ ਵਿਚ ਭਗਤ ਰਵਿਦਾਸ ਜੀ ਦਾ ਜਨਮ ਹੋਇਆ, ਜਿਨ੍ਹਾਂ ਨੇ ਰਾਮ ਭਗਤੀ ਨੂੰ ਨਵੇਂ ਅਰਥ ਦਿੱਤੇ। ਜਿਸ ਵਿਚ ਸਮਾਜ ਨੂੰ ਵੇਦਾਂ-ਸ਼ਾਸਤਰਾਂ ਅਤੇ ਕਰਮ-ਕਾਡਾਂ ਤੋਂ ਰਹਿਤ 'ਹਰੀ' ਨਾਲ ਮਨ ਜੋੜਣ ਦੀ ਪ੍ਰੇਰਣਾ ਦਿੱਤੀ। ਭਾਰਤ ਦੇ ਇਤਿਹਾਸ ਵਿਚ ਭਗਤੀ ਕਾਲ ਦੇ ਸੰਤਾਂ ਅਤੇ ਭਗਤਾਂ ਨੇ ਆਪਣੀ ਬਾਣੀ (ਰਚਨਾਵਾਂ) ਰਾਹੀਂ ਸਮਾਜ ਨੂੰ ਸੁਧਾਰਨ ਦੇ ਨਾਲ 'ਸਾਦਾ ਜੀਵਨ-ਉੱਚ ਵਿਚਾਰ' ਜਿਹੀ ਭਾਵਨਾ ਨੂੰ ਅਪਣਾ ਕੇ ਸਮਾਜ ਸਾਹਮਣੇ ਨਵੀਂ ਮਿਸਾਲ ਪੇਸ਼ ਕੀਤੀ। ਰਵਿਦਾਸ ਜੀ ਅਜਿਹੇ ਭਗਤਾਂ ਵਿਚੋਂ ਇਕ ਸਨ। ਉਨ੍ਹਾਂ ਨੇ ਆਪਸੀ ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਉਸ ਸਮੇਂ ਸਮਾਜ ਵਿਚ ਪ੍ਰਚਲਤ ਬੁਰਾਈਆਂ, ਊਚ-ਨੀਚ, ਛੂਤ-ਛਾਤ, ਪਾਖੰਡ ਅਤੇ ਅਸਮਾਨਤਾ ਦਾ ਪੁਰਜ਼ੋਰ ਖੰਡਨ ਕੀਤਾ। ਉਸ ਸਮੇਂ ਦੀ ਜਾਤ-ਪਾਤ ਦੀ ਸਖ਼ਤੀ ਕਾਰਨ ਉਹ ਸੰਸਕ੍ਰਿਤ ਦੀ ਸਿੱਖਿਆ ਤੋਂ ਵਾਂਝੇ ਰਹਿ ਗਏ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਥਾਵਾਂ ਦੀ ਯਾਤਰਾ ਕਰਕੇ ਲੋਕਾਂ ਨੂੰ ਆਪਣੀ ਬਾਣੀ (ਰਚਨਾਵਾਂ) ਰਾਹੀਂ ਅਧਿਆਤਮਿਕ ਸੰਦੇਸ਼ ਦਿੱਤਾ। ਇੱਥੇ ਇਕ ਸਵਾਲ ਉਠਦਾ ਹੈ ਕਿ ਨੈਤਿਕਤਾ, ਹਲੀਮੀ ਅਤੇ ਸਾਦਾ ਜੀਵਨ ਜਿਹੀਆਂ ਚੰਗਿਆਇਆਂ ਨੂੰ ਰਵਿਦਾਸ ਜੀ ਵਰਗੇ ਭਗਤਾਂ ਨੂੰ ਮੁੱਖ ਰੱਖ ਕੇ ਹੀ ਕਿਉਂ ਦਰਸ਼ਾਇਆ ਗਿਆ ਹੈ। ਇਸਦਾ ਉੱਤਰ ਇਹ ਹੋ ਸਕਦਾ ਹੈ ਕਿ ਸਮਾਜ ਸਾਹਮਣੇ ਅਜਿਹਾ ਚੰਗਾ ਜੀਵਨ ਜਿਓਣ ਵਾਲਿਆਂ ਦੇ ਜੀਵਨ ਮੂਲਕ ਵਿਚਾਰ ਪੇਸ਼ ਕੀਤੇ ਜਾਣ, ਜੋ ਜਨ ਸਾਧਾਰਨ ਵਿਚ ਅਜਿਹੇ ਗੁਣ ਪੈਦਾ ਕਰਕੇ ਪਰਮਾਤਮਾ ਦੀ ਪ੍ਰਾਪਤੀ ਲਈ ਮਲੋਮਲੀ ਤਾਂਘ ਪੈਦਾ ਹੋ ਸਕੇ।

ਰਵਿਦਾਸ ਜੀ ਦਾ ਜਨਮ ਚਮਾਰ ਵੰਸ਼ ਵਿਚ ਪਿਤਾ ਮਾਨ ਦਾਸ (ਰਵਿਦਾਸ ਮਹਿਮਾ ਅਨੁਸਾਰ) ਅਤੇ ਮਾਤਾ ਕਰਮਾ ਦੇਵੀ ਦੇ ਘਰ 1378 ਈ ਵਿਚ ਕਾਸ਼ੀ ਵਿਖੇ ਹੋਇਆ। ਰਵਿਦਾਸ ਜੀ ਨੇ ਪ੍ਰਮੁਖਤਾ ਨਾਲ ਸਮਾਜ ਵਿਚ ਇਸ ਵਿਚਾਰ ਦਾ ਪ੍ਰਚਾਰ ਕੀਤਾ ਕਿ ਪਾਠ-ਪੂਜਾ ਵਰਗੇ ਕਰਮਕਾਡਾਂ ਤੋਂ ਬਿਨਾਂ ਵੀ ਪ੍ਰਭੂ ਭਗਤੀ ਵਿਚ ਜੁੜਿਆ ਮਨ ਗ੍ਰਹਿਸਤੀ ਜੀਵਨ ਵਿਚ ਵੀ ਮੋਖ ਦਾ ਸਾਧਨ ਬਣ ਸਕਦਾ ਹੈ। ਰਵਿਦਾਸ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਗਿਆਨ ਦਾ ਮਕਸਦ ਇਨਸਾਨ ਨੂੰ ਕੇਵਲ ਸ਼ਬਦ ਕੋਸ਼ ਜਾਂ ਸੂਚਨਾ ਦਾ ਕੇਂਦਰ ਬਣਾਉਨਾ ਨਹੀਂ ਹੈ, ਬਲਕਿ ਗਿਆਨ ਦਾ ਬੋਧ ਤਾਂ ਇਨਸਾਨ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਂਦਾ ਹੈ। ਰਵਿਦਾਸ ਜੀ ਦੀ ਮਾਨਸਿਕਤਾ ਜਾਤ-ਪਾਤ ਤੋਂ ਪਰੇ, ਸੁਰਤ ਕੇਵਲ ਰੱਬੀ ਭਾਵਨਾ ਵਿਚ ਘਿਰੀ ਹੋਈ ਸੀ। ਭਗਤ ਕਬੀਰ ਦੀ ਲੇਖਣੀ ਜਿੱਥੇ ਵਿਰੋਧੀ ਪੱਖਾਂ ਲਈ ਕਟਾਖ ਕਰਦੀ ਦਿਸਦੀ ਹੈ (ਭਾਵ ਕਿ ਉਹ ਜੁਝਾਰੂਪਣ ਦੇ ਪ੍ਰਤੀਕ ਸਨ), ਉਸਦੇ ਵਿਪਰੀਤ ਰਵਿਦਾਸ ਜੀ ਹਲੀਮੀ, ਨਿਮਰਤਾ, ਸਹਿਜਤਾ ਅਤੇ ਸੰਜਮਤਾ ਦੇ ਸੋਮੇ ਸਨ।

ਸਰ ਮੈਕਾਲਿਫ਼ ਉਹਨਾਂ ਦੇ ਜੀਵਨ ਅਤੇ ਕਾਰਨਾਮਿਆਂ ਨੂੰ ਆਪਣੀ ਲੇਖਣੀ ਵਿਚ ਅਹਿਮੀਅਤ ਦਿੰਦੇ ਹੋਏ ਲਿਖਦੇ ਹਨ ਕਿ ਇਕ ਭਗਤ ਦੇ ਰੂਪ ਵਿਚ ਰਵਿਦਾਸ ਜੀ ਦੇ ਸ਼ਬਦ ਨਿੱਘੇ ਸੁਭਾਅ ਦੇ ਪਰਿਚਾਯਕ ਹਨ। ਮੈਕਾਲਿਫ਼ ਨੇ ਚਮੜੇ ਦੀ ਮੂਰਤ ਵਾਲੇ ਕਥਾਨਕ, ਪਾਰਸ ਪੱਥਰ ਵਾਲੀ ਕਥਾ ਅਤੇ ਮੋਹਰਾਂ ਵਾਲੀ ਕਥਾ ਆਦਿ ਨੂੰ ਸਿੱਖ ਰਿਿਲਜਨ ਦੇ ਛੇਂਵੇ ਭਾਗ ਵਿਚ ਲਿਿਖਆ ਹੈ, ਜੋ ਭਗਤ ਜੀ ਦੀ ਬਾਣੀ ਦੇ ਭਾਵਾਂ ਨਾਲ ਮੇਲ ਨਹੀਂ ਖਾਂਦੀਆਂ। ਕਈ ਸ਼ਰਧਾਲੂਆਂ ਨੇ ਜਨ ਸਾਧਾਰਨ ਵਿਚ ਰਵਿਦਾਸ ਜੀ ਦੇ ਜੀਵਨ ਨਾਲ ਕਰਾਮਾਤਾਂ ਜੋੜ ਕੇ ਸ਼ਰਧਾਮੂਲਕ ਵਾਤਾਵਰਨ ਵੀ ਤਿਆਰ ਕੀਤਾ, ਜਿਸਦਾ ਨਤੀਜਾ ਆਮ ਜਨ ਦੇ ਬੌਧਕ ਪੱਧਰ ਤੇ ਬਣੇ ਭਗਤੀ ਅਤੇ ਵਿਸ਼ਵਾਸ ਦੇ ਭਾਵਾਂ ਵਜੋਂ ਵੇਖਿਆ ਗਿਆ। ਉਸ ਸਮੇਂ ਦੀ ਮੰਗ ਅਨੁਸਾਰ ਕਰਾਮਾਤਾਂ ਵਾਲੇ ਕਥਾਨਕ ਕੁਝ ਹੱਦ ਤਕ ਢੁਕਵੇਂ ਬੈਠ ਰਹੇ ਸਨ। ਇਸ ਲਈ ਹੋ ਸਕਦਾ ਹੈ ਕਿ ਮੈਕਾਲਿਫ਼ ਅਤੇ ਕੁਝ ਹੋਰ ਰਚਨਾਕਾਰ ਵੀ ਉਸ ਸਮੇਂ ਦੇ ਪ੍ਰਚਲਿਤ ਕਥਾਨਕਾਂ ਤੋ ਜਾਣੂ ਹੋਣ ਅਤੇ ਉਨ੍ਹਾਂ ਨੇ ਆਪਣੀ ਲੇਖਣੀ ਵਿਚ ਕਰਾਮਾਤਾਂ ਵਾਲੇ ਕਥਾਨਕ ਨੂੰ ਥਾਂ ਦਿੱਤੀ ਹੋਵੇ।

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ 40 ਸ਼ਬਦ ਸਾਮਿਲ ਹਨ, ਜੋ 16 ਰਾਗਾਂ ਵਿਚ ਰਚੇ ਗਏ ਹਨ। ਆਪ ਆਪਣੀ ਬਾਣੀ ਵਿਚ ਜਾਤੀ, ਜਗ੍ਹਾ ਅਤੇ ਪਰਮਾਤਮਾ ਲਈ ਸ਼ਰਧਾ ਭਾਵ ਦਾ ਜਿਕਰ ਕਰਦੇ ਹਨ। ਆਪ ਦਾ ਰਚਿਆ ਹਰ ਸ਼ਬਦ ਇਕ ਨਵਾਂ ਭਾਵ ਅਤੇ ਸੰਦੇਸ਼ ਦਿੰਦਾ ਹੈ। ਸ੍ਰੀ ਰਾਗ ਵਿਚ ਆਪ ਦਾ ਸ਼ਬਦ ਹੈ :-

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥*
*ਕਨਕ ਕਟਿਕ ਜਲ ਤਰੰਗ ਜੈਸਾ ॥*

(ਗੁਰੂ ਗ੍ਰੰਥ ਸਾਹਿਬ ਜੀ, ਅੰਗ-93)

ਇਸ ਗੱਲ ਤੋਂ ਸਭ ਜਾਣੂ ਹਨ ਕਿ ਮਨੁੱਖ ਪਰਮਾਤਮਾ ਦੀ ਬਣਤਰ ਹੈ ਅਤੇ ਹਰ ਮਨੁੱਖ ਵਿਚ ਉਸ ਪਰਮਾਤਮਾ ਦੀ ਜੋਤ ਹੈ। ਪਰ ਰਵਿਦਾਸ ਦੀ ਭਾਵਨਾ ਇਸ ਸੱਚਾਈ ਨੂੰ ਮੰਨਣ ਦੇ ਨਾਲ-ਨਾਲ ਖੁਦ ਨੂੰ ਰੱਬੀ ਅੰਸ਼ ਹੁੰਦੇ ਹੋਏ ਵੀ ਅਲੱਗ ਹੋਣ ਦੀ ਘਾਟ ਦਰਸਾਉਂਦੀ ਹੈ। ਜਿਸ ਤਰ੍ਹਾਂ ਪਾਣੀ ਦੀ ਲਹਿਰ ਤੋਂ ਬੂੰਦ ਅਲੱਗ ਹੁੰਦੇ ਹੋਏ ਵੀ ਉਸਦਾ ਰੂਪ ਹੁੰਦੀ ਹੈ, ਉਸੇ ਤਰ੍ਹਾਂ ਮਨੁੱਖ ਪਰਮਾਤਮਾ ਦਾ ਹਿੱਸਾ ਹੁੰਦੇ ਹੋਏ ਵੀ ਪਰਮਾਤਮਾ ਨੂੰ ਪਾਉਣ ਲਈ ਤੜਫਦਾ ਰਹਿੰਦਾ ਹੈ। ਹਰ ਇਨਸਾਨ ਆਪਣੇ ਜੀਵਨ ਤੋਂ ਕਿਤੇ ਨਾ ਕਿਤੇ ਅਤ੍ਰਿਪਤ ਹੁੰਦਾ ਹੋਇਆ ਤ੍ਰਿਪਤੀ ਜਾਂ ਪੂਰਨ ਮਨੁੱਖ ਹੋਣ ਲਈ ਲੋਚਦਾ ਰਹਿੰਦਾ ਹੈ। ਹਰ ਧਰਮ ਦੇ ਮਨੁੱਖ ਦਾ ਪਰਮਾਤਮਾ ਨਾਲ ਮੇਲ ਲਈ ਕੀਤਾ ਯਤਨ ਅਲਗ-ਅਲਗ ਤਰੀਕੇ ਦਾ ਹੋ ਸਕਦਾ ਹੈ, ਪਰ ਮੂਲ ਕੇਵਲ ਪਰਮਾਤਮਾ ਨਾਲ ਜੁੜਿਆ ਹੋਣਾ ਹੈ। ਅਜੋਕਾ ਸਮਾਂ ਭੌਤਿਕ ਚਮਕ ਅਤੇ ਤਕਨੀਕੀ ਯੁੱਗ ਦੇ ਉਲਟ ਧਿਆਨ ਸਾਧਨਾ ਅਥਵਾ ਯੋਗ ਨੂੰ ਅਹਿਮੀਅਤ ਦੇ ਰਿਹਾ ਹੈ। ਭਾਰਤ ਦੇ ਨਾਲ-

ਨਾਲ ਵਿਦੇਸ਼ਾਂ ਵਿਚ ਵੀ ਇਸ ਨੂੰ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਸਦਾ ਕਾਰਨ ਇਹੀ ਹੈ ਕਿ ਦੁਨਿਆਵੀ ਚੀਜ਼ਾਂ ਮਨੁੱਖ ਨੂੰ ਉਹ ਰੱਜ ਨਹੀਂ ਦੇ ਸਕਦੀਆਂ, ਜੋ ਮਨੁੱਖ ਦੀ ਆਪਣੇ ਅੰਦਰ ਨਾਲ ਇਕਸੁਰਤਾ ਦੇ ਸਕਦੀ ਹੈ। ਬਾਹਰੀ ਤੋਰ 'ਤੇ ਹਰ ਪੱਖੋਂ ਪੂਰਾ ਹੁੰਦੇ ਹੋਏ ਵੀ ਮਨੁੱਖ ਅੰਦਰੋਂ ਇਕ ਜੋਤ ਨਾਲ ਜੁੜਨ ਲਈ ਹਮੇਸ਼ਾਂ ਤਾਂਘਵਾਨ ਰਹਿੰਦਾ ਹੈ।

ਰਵਿਦਾਸ ਜੀ ਪ੍ਰਮਾਤਮਾ ਦੇ ਵਿਛੋੜੇ ਦੇ ਦਰਦ ਨਾਲ ਵਿੰਨ੍ਹੇ ਹੋਏ ਆਪਣੇ ਠਾਕੁਰ ਅੱਗੇ ਇਕ ਫਰਿਆਦ ਕਰਦੇ ਹਨ। ਉਹਨਾਂ ਦੀ ਨਿਮਰਤਾ ਦਾ ਦੂਜਾ ਪੱਖ ਇਹ ਹੈ ਕਿ ਆਪਣੇ ਸ਼ਬਦ ਦੀ ਅਗਲੀ ਤੁਕ ਵਿਚ ਕਹਿ ਰਹੇ ਹਨ ਕਿ ਜੇਕਰ ਅਸੀਂ ਪਾਪ ਨਾ ਕਰਦੇ ਤਾਂ ਪਰਮਾਤਮਾ ਦਾ ਨਾਮ 'ਪਤਿਤ ਪਾਵਨ' ਕਿਵੇਂ ਸਾਰਥਕ ਹੁੰਦਾ। ਪਰਮਾਤਮਾ ਦੇ ਅਨੇਕਾਂ ਨਾਮ ਉਸਦੇ ਗੁਣਾਂ ਕਰਕੇ ਹਨ, ਪਰ ਵਿਘਨਹਰਤਾ, ਪਾਪ ਹੰਤਾ ਆਦਿਕ ਨਾਮ ਉਸ ਵੇਲੇ ਉਜਾਗਰ ਹੁੰਦੇ ਹਨ, ਜਦੋਂ ਦੁਨਿਆਵੀ ਤਲ ਤੇ ਪਾਪ ਜਾਂ ਦੁੱਖ ਜਿਹੀ ਹਾਲਤ ਮੋਜੂਦ ਹੋਵੇ। ਇਨਸਾਨ ਹਿਰਦੇ ਦੀ ਡੂੰਘਾਈ ਵਿਚੋਂ ਜਦੋਂ ਇਕ ਅਰਦਾਸ ਦਾ ਭਾਵ ਪਰਮਾਤਮਾ ਅੱਗੇ ਰਖਦਾ ਹੈ ਤਾਂ ਉਸ ਵੇਲੇ ਦੀ ਮਨੁੱਖੀ ਭਾਵਨਾ ਹੀ ਪਰਮਾਤਮਾ ਦੀ ਨੇੜਤਾ ਹਾਸਿਲ ਕਰਵਾ ਦਿੰਦੀ ਹੈ। ਦੁੱਖ ਦਾ ਆਧਾਰ ਮਨੁੱਖੀ ਕਰਮ ਹਨ ਕਿਉਂਕਿ ਚੰਗਾ-ਬੁਰਾ ਸਮਝਣ ਦਾ ਵਿਵੇਕ ਕੁਦਰਤ ਵਿਚ ਕੇਵਲ ਇਨਸਾਨ ਕੋਲ ਹੈ। ਇੱਥੇ ਇਕ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜੇਕਰ ਪਰਮਾਤਮਾ ਸ੍ਰਿਸਟੀ ਦੇ ਹਰ ਪੱਖ ਨੂੰ ਬਣਾਉਣ ਵਾਲਾ ਹੈ ? ਕਰਨਹਾਰ ਜੇਕਰ ਉਹ 'ਇਕ' ਹੈ ? ਫਿਰ ਇਨਸਾਨ ਦੀ ਜਿੰਦਗੀ ਵਿਚ ਖੁਸ਼ੀ-ਗ਼ਮੀ ਆਦਿਕ ਕਿਸ ਕਾਰਨ ਹਨ ? ਇਸ ਪੱਖ ਦਾ ਇਕ ਸੰਭਾਵਿਤ ਉੱਤਰ ਇਹ ਮੰਨਿਆ ਜਾ ਸਕਦਾ ਹੈ ਕਿ ਕੁਦਰਤ ਵਿਚ ਕੇਵਲ ਇਨਸਾਨ ਹੀ ਐਸਾ ਪ੍ਰਾਣੀ ਹੈ, ਜਿਸ ਪਾਸ ਵਿਵੇਕ ਦੇ ਨਾਲ-ਨਾਲ ਮਨੁੱਖ ਤੋਂ ਦੇਵਤਾ ਬਣਨ ਦੇ ਗੁਣ ਮੋਜੂਦ ਹਨ। ਸੰਤ ਸਿੰਘ 'ਮਸਕੀਨ' ਜੀ ਅਨੁਸਾਰ ਪਰਮਾਤਮਾ ਕੁਦਰਤ ਦੇ ਬਾਕੀ ਜੀਵਾਂ ਦੀ ਪਾਲਣਾ ਇਕ ਅਬੋਧ ਬਾਲਕ ਵਾਂਗ ਕਰਦਾ ਹੈ ਅਤੇ ਜੀਅ-ਜੰਤੂ, ਬਨਸਪਤੀ ਆਦਿਕ ਕੁਦਰਤੀ ਘਟਨਾਵਾਂ ਵਿਚ ਵੀ ਸਮਾਨ ਰੂਪ ਨਾਲ ਰਹਿੰਦੇ ਹਨ। ਪਰਮਾਤਮਾ ਦੀ ਰਜ਼ਾ ਵਿਚ ਰਹਿਣ ਨਾਲ ਪਾਪ-ਪੁੰਨ ਆਦਿਕ ਦਾ ਪ੍ਰਭਾਵ ਉਹਨਾਂ ਦੇ ਜੀਵਨ ਤੇ ਨਹੀਂ ਆਉਂਦਾ। ਮਨੁੱਖ ਅੰਦਰ ਜੇਕਰ ਦੇਵਤਾ ਹੋਣ ਦੇ ਗੁਣ ਹਨ ਤਾਂ ਉਸਦੇ ਕੀਤੇ ਹੋਏ ਅਨੈਤਿਕ ਕਰਮ ਉਸ ਨੂੰ ਦੁਖਾਂ ਦਾ ਭਾਗੀਦਾਰ ਵੀ ਬਣਾ ਸਕਦੇ ਹਨ। ਮਨੁੱਖ ਜਦੋਂ ਨਿਹਕਾਮੀ ਦਾ ਭਾਵ ਲਿਆ ਕੇ ਆਪਣੇ ਵਿਵੇਕ ਦੀ ਵਰਤੋਂ ਸਰਬਤ ਦੇ ਭਲੇ ਲਈ ਕਰਦਾ ਹੈ, ਫਿਰ ਦੁਨਿਆਵੀ ਤਲ ਤੇ ਰਹਿੰਦੇ ਹੋਏ ਵੀ ਸ਼ਾਂਤ-ਚਿੱਤ ਰਹਿੰਦਾ ਹੈ। ਪਰ ਜਦੋਂ ਉਹ ਆਪਣੇ ਬੋਧ ਨੂੰ ਵੱਡਾ ਸਮਝ ਕੇ ਆਪ ਕਰਤਾ ਬਨਣ ਦੇ ਰੂਪ ਵਿਚ ਆਉਂਦਾ ਹੈ ਤਾਂ ਹੀ ਦੁੱਖ ਦਾ ਭਾਗੀਦਾਰ ਬਣਦਾ ਹੈ। ਕਿਰਤ ਕਰਦੇ ਹੋਏ ਆਤਮਿਕ ਤੱਸਲੀ ਜਾਂ ਖੁਸ਼ੀ ਦਾ ਭਾਵ ਚੰਗੇ ਕਰਮਾਂ ਦੀ ਪਹਿਚਾਣ ਹੈ ਅਤੇ ਡਰ, ਨਿਰਾਸ਼ਾ ਜਾ ਗ਼ਮੀ ਦਾ ਭਾਵ ਹੋਣਾ ਬੁਰੇ ਕਰਮਾਂ ਦੀ ਪਹਿਚਾਣ ਮੰਨੀ ਜਾ ਸਕਦੀ ਹੈ। ਇਨਸਾਨ ਵਿਚ ਮੋਜੂਦ ਆਤਮਾ ਵੀ ਮਨੁੱਖ ਨੂੰ ਬੁਰੇ ਕੰਮ ਤੋਂ ਪਹਿਲਾਂ ਅਵਸ਼ ਹੀ ਸੁਚੇਤ ਕਰਦੀ ਹੈ, ਪਰ ਇਹ ਇਕ ਮਨੁੱਖੀ ਵਿਵੇਕ ਹੈ ਕਿ ਉਸ ਨੂੰ ਉਹ ਕਿਸ ਰੂਪ ਵਿਚ ਲਾਗੂ ਕਰਦਾ ਹੈ।

ਭਗਤ ਰਵਿਦਾਸ ਜੀ ਨੇ ਖੁਦ ਨੂੰ ਨਿਮਾਣਾ ਜਿਹਾ ਦਰਸਾ ਕੇ ਪ੍ਰਮਾਤਮਾ ਦੀ ਨੇੜਤਾ ਲਈ ਪ੍ਰਾਰਥਨਾ ਕੀਤੀ ਹੈ। ਹਰ ਇਨਸਾਨ ਨੂੰ ਅਜਿਹੀ ਭਾਵਨਾ ਨਾਲ ਆਪਣੇ ਰੱਬ ਅੱਗੇ ਸ਼ਰਧਾ ਰਖਨੀ ਚਾਹੀਦੀ ਹੈ ਤਾਕਿ ਆਤਮਿਕ ਸ਼ਕਤੀ ਮਿਲ ਸਕੇ। ਇਸਦੇ ਨਾਲ ਹੀ ਮਨੁੱਖ ਸੁੱਖ-ਦੁੱਖ ਦੇ ਪ੍ਰਭਾਵ ਤੋਂ ਉਪਰ ਜਾ ਸਕੇ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਦੇ ਅੰਦਰ ਇਕ ਹੋਰ Fਸ਼ਬਦ ਹੈ-

*ਬੇਗਮਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*

(ਗੁਰੂ ਗ੍ਰੰਥ ਸਾਹਿਬ ਜੀ, ਅੰਗ–345)

ਭਾਰਤ ਦੇ ਇਤਿਹਾਸਿਕ ਥਾਵਾਂ ਤੋਂ ਪਰੇ ਇਕ ਸ਼ਹਿਰ ਬੇਗ਼ਮਪੁਰਾ ਹੈ। ਜਿਸ ਦਾ ਭਗਤ ਰਵਿਦਾਸ ਜੀ ਨੇ ਦੁੱਖ-ਸੰਤਾਪ ਤੋਂ ਰਹਿਤ ਇਕ ਅਨੰਦਮਈ ਨਗਰੀ ਦੇ ਰੂਪ ਵਿਚ ਚਿਤੱਰਣ ਕੀਤਾ ਹੈ। ਇਹ ਇਕ ਅਜਿਹਾ ਨਗਰ ਹੈ, ਜਿਥੇ ਗ਼ਮ ਜਾਂ ਝੋਰਾ ਪਰੇਸ਼ਾਨ ਨਹੀਂ ਕਰਦਾ, ਉੱਥੇ ਕਿਸੇ ਤਰ੍ਹਾਂ ਦੀ ਪੁਛ-ਗਿਛ ਨਹੀਂ ਹੁੰਦੀ ਅਤੇ ਟੈਕਸਾਂ ਦੀ ਵੀ ਭਰਮਾਰ ਨਹੀਂ ਹੈ। ਅਜਿਹਾ ਸੁਖਦ ਨਗਰ ਹਰ ਮਨੁੱਖ ਆਪਣੇ ਮਾਨਸਿਕ ਤਲ ਤੇ ਬਣਾ ਸਕਦਾ ਹੈ। ਹਰ ਮਨੁੱਖ ਇਸ ਨਗਰੀ ਦੇ ਖੇੜੇ ਨੂੰ ਮਾਣ ਸਕਦਾ ਹੈ। ਰਵਿਦਾਸ ਜੀ ਦੇ ਸ਼ਬਦ ਰਾਹੀਂ ਉਕੇਰਿਆ ਇਹ ਨਗਰ ਕਈ ਪੱਖਾਂ ਤੋਂ ਜਾਣੂ ਕਰਵਾਉਂਦਾ ਹੈ, ਜਿਵੇਂ-

- ਬੇਗ਼ਮਪੁਰਾ ਨਗਰੀ ਮਨੁੱਖ ਦੇ ਬੋਧਿਕ ਤਲ ਤੋਂ ਆਕਾਰ ਲੈਂਦੀ ਹੈ।
- ਭਗਤ ਰਵਿਦਾਸ ਜੀ ਦਾ ਸਮਾਂ ਦਿੱਲੀ ਦੇ ਸਲਤਨਤ ਯੁਗ ਦਾ ਹੈ ਅਤੇ ਉਸ ਵੇਲੇ ਦੀ ਆਰਥਿਕ ਅਵਸਥਾਵਾਂ ਦਾ ਜਿਕਰ ਮਿਲਦਾ ਹੈ। ਜਿਵੇਂ ਕਿ 'ਖਰਾਜ' ਸ਼ਬਦ ਦੀ ਵਰਤੋਂ, ਜੋ ਕਿ ਟੈਕਸ ਦਾ ਇਕ ਰੂਪ ਸੀ।
- ਡਰ, ਗ਼ਮੀ ਤੇ ਉਚ-ਨੀਚ ਵਰਗੇ ਸ਼ਬਦਾਂ ਦੀ ਵਰਤੋਂ ਉਸ ਸਮੇਂ ਦੀ ਸਮਾਜਿਕ ਅਵਸਥਾ ਦੀ ਝਲਕ ਦਿੰਦੀ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਭਗਤ ਜੀ ਨੇ ਜਨ ਸਾਧਾਰਣ ਦੀ ਅਵਸਥਾ ਨੂੰ ਗਹਿਰਾਈ ਨਾਲ ਵੇਖਿਆ ਅਤੇ ਉਸ ਕਾਲ ਦੀ ਭਾਸ਼ਾ ਨੂੰ ਲੇਖਨੀ ਵਿਚ ਸ਼ਾਮਿਲ ਕੀਤਾ। ਇਸਦਾ ਪ੍ਰਮਾਣ ਉਹਨਾਂ ਦੇ ਰਚੇ ਸ਼ਬਦਾਂ ਰਾਹੀ ਪ੍ਰਤਖ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਗਉੜੀ ਰਾਗ ਅੰਦਰ ਦਰਜ਼ ਇਕ ਸ਼ਬਦ ਵਿਚ ਚਾਰ ਯੁਗਾਂ ਦੀ ਪਰਿਭਾਸ਼ਾ ਦੱਸਦੇ ਹੋਏ ਭਗਤ ਰਵਿਦਾਸ ਜੀ ਲਿਖਦੇ ਹਨ-

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥*

(ਗੁਰੂ ਗ੍ਰੰਥ ਸਾਹਿਬ ਜੀ, ਅੰਗ–346)

ਆਮਤੌਰ 'ਤੇ ਸਤਯੁਗ, ਦੁਆਪਰ, ਤ੍ਰੇਤਾ ਅਤੇ ਕਲਯੁਗ ਦੀ ਦੀ ਵੰਡ ਹਿੰਦੂ-ਸ਼ਾਸਤ੍ਰਾਂ ਵਿਚ ਮਿਲਦੀ ਹੈ। ਭਗਤ ਰਵਿਦਾਸ ਜੀ ਇਸ ਮਤ ਦਾ ਇਸ ਸ਼ਬਦ ਰਾਹੀਂ ਜਿਕਰ ਕਰਦੇ ਹਨ ਅਤੇ ਮਹਾਂਪੁਰਖਾਂ ਦੇ ਦੱਸੇ ਹੋਏ ਹਰੇਕ ਯੁਗ ਦੇ ਵੱਖ-ਵੱਖ ਧਰਮ ਦੱਸਦੇ ਹਨ। ਪਰ ਦੂਜਾ ਪੱਖ ਇਹ ਹੈ ਕਿ ਭਗਤ ਜੀ ਧਾਰਮਿਕ ਪੁਸਤਕਾਂ ਰਾਹੀਂ ਦਰਸ਼ਾਈ ਯੁਗਾਂ ਦੀ ਵੰਡ ਦੇ ਨਾਲ-ਨਾਲ ਆਪਣੇ ਮਤ ਦਾ ਵੀ ਜ਼ਿਕਰ ਕਰ ਰਹੇ ਹਨ, ਕਿਉਂਕਿ ਉਹ ਆਪ ਕਰਮ-ਕਾਂਡ ਆਦਿਕ ਯਤਨਾਂ ਨੂੰ ਵਿਅਰਥ ਮੰਨਦੇ ਹੋਏ ਪ੍ਰੇਮ–ਭਗਤੀ ਅਤੇ ਅੰਦਰੂਨੀ ਸੁਮੇਲ ਨੂੰ ਮੁੱਖ ਮੰਨਦੇ ਹਨ। ਸੰਤ ਸਿੰਘ 'ਮਸਕੀਨ' ਜੀ ਯੁਗਾਂ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ 70 ਫੀਸਦੀ ਲੋਕਾਂ ਦੇ ਕੰਮ ਅਤੇ ਸੋਚ ਲਗਭਗ ਸਮਾਨ ਹੋ ਜਾਵੇ ਤਾਂ ਨਵੇਂ ਯੁਗ ਦੀ ਸ਼ੁਰੂਆਤ ਹੋ ਜਾਂਦੀ ਹੈ। ਭਗਤ ਜੀ ਦਾ ਵੀ ਇਹ ਮਤ ਹੈ ਕਿ ਯੁਗਾਂ ਦੀ ਵੰਡ ਜੀਵਨ ਮੁਕਤੀ ਦਾ ਸਾਧਨ ਨਹੀਂ ਹੈ। ਹਰ ਯੁਗ ਵਿਚ ਕਰਮ-ਕਾਂਡ ਰਹਿਤ ਯਤਨ ਕੀਤੇ ਜਾ ਸਕਦੇ ਹਨ। ਪ੍ਰਮਾਤਮਾ ਨਾਲ ਅੰਤਰਾਤਮਾ ਦਾ ਜੁੜਾਵ ਸਤਯੁਗ ਹੀ ਨਹੀਂ, ਕਲਯੁਗ ਵਿਚ ਵੀ ਪੈਦਾ ਹੋ ਸਕਦਾ ਹੈ। ਮਨੁੱਖ ਜਦੋਂ ਸਤਿਸੰਗ ਵਿਚ ਜੁੜਿਆ ਹੋਵੇ ਤਾਂ ਉਹ ਸਮਾਂ ਸਤਯੁਗ ਸਮਾਨ ਹੀ ਹੁੰਦਾ ਹੈ। ਸੰਜਮ ਵਿਚ ਰਹਿ ਕੇ ਜੀਵਨ ਜਿਉਣਾ ਤ੍ਰੇਤਾ ਜੁਗ ਦੇ ਭਾਵ ਨੂੰ ਦਰਸਾਉਂਦਾ ਹੈ। ਜੇਕਰ ਮਨ ਵਿਚ ਵਿਕਾਰ ਹੈ ਤਾਂ ਹਰ ਕਾਲ ਵਿਚ ਕਲਯੁਗ ਜਿਹੀ ਅਵਸਥਾ ਬਣੀ ਰਹੇਗੀ। ਇਸ ਸ਼ਬਦ ਦਾ ਸਾਰ ਇਹ ਹੈ ਕਿ ਯੁਗਾਂ ਦੀ ਵਰਤੋਂ ਧਰਮ ਦੇ ਰਾਹ ਤੇ ਚਲਣ ਲਈ ਦਸੀ ਗਈ ਹੈ, ਪਰ ਮਨੁੱਖ ਜਦੋਂ ਹਰ ਕਾਲ ਵਿਚ, ਹਰ ਥਾਂ ਵਿਖੇ ਰਹਿ ਕੇ ਪਰਮਾਤਮਾ ਨਾਲ ਲਿਵ ਲਾ ਲੈਂਦਾ ਹੈ ਤਾਂ ਉਹ ਅਵਸਥਾ ਸਤਯੁਗ ਵਾਂਗ ਬਣੀ ਰਹਿੰਦੀ ਹੈ।

ਸੋ ਅੰਤ ਵਿਚ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਉਸ ਸਮੇਂ ਦੇ ਸਮਾਜ ਨੂੰ ਸੁਧਾਰਨ ਲਈ ਉਪਦੇਸ਼ ਦਿੰਦੇ ਹਨ ਅਤੇ ਆਪ ਵੀ ਸਾਧਾਰਨ ਰੂਪ ਵਿਚ ਹਲੀਮੀ ਭਰਿਆ ਜੀਵਨ ਗੁਜਾਰਦੇ ਹਨ। ਅੱਜ ਨੌਜਵਾਨ ਪੀੜੀ ਨੂੰ ਇਸੇ ਤਰ੍ਹਾਂ ਦੇ ਦਿਖਾਵੇ ਰਹਿਤ ਜੀਵਨ ਨੂੰ ਆਤਿਮਕ ਪੱਧਰ ਤੇ ਲਿਆਉਣ ਦੀ ਲੋੜ ਹੈ। ਅੱਜ ਮਨੁੱਖ ਵਿਚ ਦਿਖਾਵਾ ਅਤੇ ਇਕੱਠੇ ਕੀਤੇ ਹੋਏ ਬੋਧ ਦਾ ਪ੍ਰਗਟਾਵਾ ਕਰਨ ਦੀ ਲਾਲਸਾ ਜਿਆਦਾ ਹੈ। ਬੇ-ਗਮਪੁਰਾ ਜਿਹੀ ਅੰਦਰੂਨੀ ਅਵਸਥਾ, ਕਰਮ-ਕਾਂਡ ਰਹਿਤ ਜੀਵਨ ਅਤੇ ਸਮਾਜ ਵਿਚ ਉੱਚਾ ਦਰਜਾ ਹੁੰਦੇ ਹੋਏ ਵੀ ਨਿਮਰਤਾ ਧਾਰਨ ਕਰਨਾ ਆਦਿਕ ਅਜਿਹੇ ਰੰਗ ਹਨ, ਜਿਨ੍ਹਾਂ ਵਿਚ ਰੰਗਿਆ ਮਨੁੱਖ ਆਪਣੇ ਮਨੁੱਖ ਹੋਣ ਦਾ ਅਸਲੀ ਮਕਸਦ ਹਾਸਿਲ ਕਰ ਸਕਦਾ ਹੈ। ਵਰਤਮਾਨ ਵਿਚ ਖੋਖਲੇ ਅਤੇ ਨੈਤਿਕ ਪੱਖੋਂ ਹੀਣੇ ਹੋ ਰਹੇ ਸਮਾਜ ਨੂੰ ਮੁੜ੍ਹ ਇਨ੍ਹਾਂ ਵਿਚਾਰਾਂ ਤੋਂ ਜਾਣੂ ਕਰਵਾਉਣ ਦੀ ਜ਼ਰੂਰਤ ਹੈ। ਇਸ ਲੋੜ ਨੂੰ ਭਗਤ ਰਵਿਦਾਸ ਜੀ ਦੇ ਦੁਆਰਾ ਰਚੇ ਸ਼ਬਦਾਂ ਰਾਹੀਂ ਸਰਲਤਾ ਨਾਲ ਸਮਝਿਆ ਜਾ ਸਕਦਾ ਹੈ। (ਇਹ ਖੋਜ਼ ਪੱਤਰ ਗਿਆਨ ਦੀ ਵਿਆਖਿਆ ਨਾਲ ਸੰਬੰਧਿਤ ਨਹੀ ਹੈ, ਇਸਦਾ ਮਕਸਦ ਕੇਵਲ ਵਰਤਮਾਨ ਪਰਿਪੇਖ ਵਿਚ ਗਿਆਨ ਦੀ ਸਾਰਥਕਤਾ ਨਾਲ ਜੁੜਿਆ ਹੋਇਆ ਹੈ।)